# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,ਐਸ.ਏ.ਐਸ.ਨਗਰ

Email: - directorscert@punjabeducation.gov.inਫੋਨ ਨੰਬਰ:-0172-2212221


ਵੱਲ:

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.),

ਸਮੂਹ ਨੋਡਲ ਅਫਸਰ (PSTSE),

ਪੰਜਾਬ।

ਮੀਮੋ ਨੰ. ਈ- 878241/158-162

ਮਿਤੀ: ਐਸ.ਏ.ਐਸ.ਨਗਰ 01-06-2026

**ਵਿਸ਼ਾ: –ਪੰਜਾਬ ਰਾਜ ਨਿਪੁਨੰਤਾ ਖੋਜ਼ ਪ੍ਰੀਖਿਆ (PSTSE-2025) ਕਲਾਸ 8ਵੀ ਨਤੀਜਾ ਘੋਸ਼ਿਤ ਕਰਨ ਸਬੰਧੀ।**

**1.0** ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

**2.0** ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ PSTSE ਪ੍ਰੀਖਿਆ ਸਾਲ 2025 (ਕਲਾਸ 8ਵੀਂ) ਜੋ ਕਿ 04.01.2026 ਨੂੰ ਰਾਜ ਵਿੱਚ ਸਮੂਹ ਜ਼ਿਲ੍ਹਿਆਂ ਵਿੱਚ ਤਹਿਸੀਲ ਪੱਧਰ ਤੇ ਕਰਵਾਈ ਗਈ ਸੀ, ਦਾ ਨਤੀਜ਼ਾ ਘੋਸ਼ਿਤ ਕੀਤਾ ਜਾਦਾ ਹੈ।

**3.0** ਪੰਜਾਬ ਰਾਜ ਨਿਪੁਨੰਤਾ ਖੋਜ਼ ਪ੍ਰੀਖਿਆ (PSTSE-2025) ਕਲਾਸ 8ਵੀ ਦੀ ਮੈਰਿਟ ਪ੍ਰਾਪਤ ਕਰਨ ਵਾਲੇ ਕੁੱਲ 500 ਵਿਦਿਆਰਥੀਆਂ ਦਾ ਨਤੀਜਾ ਨਾਲ ਨੱਥੀ ਕੀਤਾ ਜਾ ਰਿਹਾ ਹੈ।

**4.0** ਇਸ ਪੱਤਰ ਨਾਲ ਨੱਥੀ ਯੋਗ 500 ਵਿਦਿਆਰਥੀ, ਜੋ ਮੈਰਿਟ ਵਿੱਚ ਆਏ ਹਨ, ਓਹੀ ਵਜੀਫਾ ਪ੍ਰਾਪਤ ਕਰਨ ਦੇ ਹੱਕਦਾਰ ਹੋਣਗੇ।

**5.0** ਇਸ ਪੱਤਰ ਨਾਲ ਪੰਜਾਬ ਰਾਜ ਨਿਪੁਨੰਤਾ ਖੋਜ਼ ਪ੍ਰੀਖਿਆ (PSTSE-2025) ਕਲਾਸ 8ਵੀ ਵਿੱਚ ਅਪੀਅਰ ਹੋਏ ਸਾਰੇ ਵਿਦਿਆਰਥੀਆਂ ਦਾ ਨਤੀਜਾ ਵੀ ਨੱਥੀ ਕੀਤਾ ਜਾਂਦਾ ਹੈ। ਪ੍ਰੰਤੂ ਇਹ ਨਤੀਜਾ ਸਿਰਫ ਸਕੂਲਾਂ ਅਤੇ ਵਿਦਿਆਰਥੀਆਂ ਲਈ ਆਪਣਾ ਰਿਜਲਟ ਪਤਾ ਕਰਨ ਦੇ ਸਬੰਧ ਵਿੱਚ ਅਪਲੋਡ ਕੀਤਾ ਜਾ ਰਿਹਾ ਹੈ।

**6.0** ਇਸ ਪ੍ਰੀਖਿਆ ਦੇ ਪੂਰੇ ਰਿਜਲਟ ਵਿੱਚ ਜਿਨ੍ਹਾਂ ਵਿਦਿਆਰਥੀਆਂ ਵੱਲੋਂ OMR Sheet ਵਿੱਚ ਆਪਣਾ ਰੋਲ ਨੰਬਰ ਗਲਤ ਭਰਿਆ ਗਿਆ ਹੈ, ਭਾਵ ਗੋਲੇ ਗਲਤ ਕਾਲੇ ਕੀਤੇ ਗਏ ਹਨ ਜਾਂ ਗੋਲੇ light ਕਾਲੇ ਕੀਤੇ ਹਨ ਜਾਂ ਗੋਲੇ properly ਕਾਲੇ ਨਹੀਂ ਕੀਤੇ ਗਏ ਹਨ ਜਾਂ ਫਿਰ ਅਜਿਹੇ ਗੋਲੇ ਕਾਲੇ ਕੀਤੇ ਗਏ ਹਨ, ਜਿਸ ਅਨੁਸਾਰ ਬਣਦਾ ਰੋਲ ਨੰਬਰ ਅਸਲ ਵਿੱਚ ਕਿਸੇ ਵੀ ਵਿਦਿਆਰਥੀ ਨੂੰ

ਅਲਾਟ ਨਹੀਂ ਕੀਤਾ ਗਿਆ ਜਾਂ ਫਿਰ ਰੋਲ ਨੰਬਰ ਵਿੱਚ White Fluid ਦੀ ਵਰਤੋਂ ਕੀਤੀ ਗਈ ਹੈ, ਅਜਿਹੀ OMR Sheet ਨੂੰ scanner ਦੁਆਰਾ scan ਨਹੀਂ ਕੀਤਾ ਜਾ ਸਕਿਆ। ਅਜਿਹੇ ਵਿਦਿਆਰਥੀਆਂ ਨੂੰ ਮੈਰਿਟ ਵਿੱਚ consider ਨਹੀਂ ਕੀਤਾ ਗਿਆ ਹੈ।

**7.0** ਇਸੇ ਤਰ੍ਹਾਂ ਜਿਨ੍ਹਾਂ ਵਿਦਿਆਰਥੀਆਂ ਦੁਆਰਾ ਭਰੇ ਗਏ ਪ੍ਰਸ਼ਨਾਂ ਦੇ ਉੱਤਰਾਂ ਦੇ ਗੋਲੇ ਘੱਟ ਕਾਲੇ ਕੀਤੇ ਜਾਂ ਗਲਤ ਕਾਲੇ ਕੀਤੇ ਜਾਂ White Fluid ਦੀ ਵਰਤੋਂ ਕੀਤੀ ਜਾਂ ਇੱਕ ਪ੍ਰਸ਼ਨ ਦੇ ਦੋ ਗੋਲੇ ਕਾਲੇ ਕੀਤੇ ਗਏ ਹਨ ਉਨ੍ਹਾਂ ਨੂੰ scanner ਦੁਆਰਾ scan ਨਹੀਂ ਕੀਤਾ ਜਾ ਸਕਿਆ। ਇਸ ਲਈ ਅਜਿਹੇ ਵਿਦਿਆਰਥੀਆਂ ਨੂੰ ਰਿਜਲਟ ਵਿੱਚ consider ਨਹੀ ਕੀਤਾ ਗਿਆ ਹੈ।

ਨਾਲ ਨੱਥੀ:

1. ਮੈਰਿਟ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦਾ ਨਤੀਜਾ।

**ਡਾਇਰੈਕਟਰ**

**ਐਸ.ਸੀ.ਈ.ਆਰ.ਟੀ., ਪੰਜਾਬ।**

ਪਿੱਠ ਅੰਕਣ ਨੰ. ਉਕਤ ਮਿਤੀ: ਐਸ.ਏ.ਐਸ. ਨਗਰ, 01-06-2026

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਨਿ.ਸ./ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਨਿ.ਸ./ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ।
3. ਨਿ.ਸ./ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
4. ਨਿ.ਸ./ਡਾਇਰੈਕਟੋਰੇਟ ਸਕੂਲ ਸਿੱਖਿਆ (ਸੈ.ਸਿੱ.), ਪੰਜਾਬ।

ਸਹਾਇਕ ਡਾਇਰੈਕਟਰ

ਐਸ.ਸੀ.ਈ.ਆਰ.ਟੀ., ਪੰਜਾਬ।